# ਜਵਾਬਦੇਹੀ

### ਇਕ ਸ਼ਿਕਾਇਤ ਕਰਨ ਮਗਰੋਂ ਕੀ ਹੁੰਦਾ ਹੈ?

ਧੌਂਸਬਾਜੀ, ਤੰਗ ਪਰੇਸ਼ਾਨ ਕੀਤੇ ਜਾਣ ਜਾਂ ਡਰਾਉਣ ਧਮਕਾਉਣ ਵਾਲੇ ਵਿਹਾਰ ਵਾਲੀਆਂ ਸਾਰੀਆਂ ਰਿਪੋਰਟਾਂ ਦੀ ਪੜਤਾਲ ਕੀਤੀ ਜਾਏਗੀ। ਕਥਿਤ ਸ਼ਿਕਾਰ ਵਿਅਕਤੀ(ਆਂ) ਅਤੇ ਦੋਸ਼ੀ ਵਿਦਿਆਰਥੀ(ਆਂ), ਦੋਹਾਂ ਦੇ ਮਾਤਾ-ਪਿਤਾ ਨੂੰ ਪੜਤਾਲ ਦੇ ਨਤੀਜਿਆਂ ਬਾਰੇ ਸੂਚਿਤ ਕੀਤਾ ਜਾਏਗਾ। (ਰਾਜ਼ਦਾਰੀ ਦੀਆਂ ਲਾਗੂ ਹੋਣ ਯੋਗ ਸ਼ਰਤਾਂ ਅਨੁਸਾਰ।)

ਇਕ ਪੜਤਾਲ ਦੇ ਮੁਕੰਮਲ ਹੋਣ ਤੇ, ਇਸ ਸਬੰਧ ਵਿਚ ਇਕ ਲਿਖਤੀ ਫੈਸਲਾ ਕੀਤਾ ਜਾਏਗਾ ਕਿ ਕੀ ਇਹ ਵਿਹਾਰ ਹੋਇਆ ਸੀ ਅਤੇ ਕੀ ਇਸ ਵਿਚ ਧੌਂਸਬਾਜੀ ਜਾਂ ਡਰਾਉਣ ਧਮਕਾਉਣ ਵਾਲੀਆਂ ਜਾਂ ਅਨੁਸ਼ਾਸਨ ਕੋਡ ਦੀ ਕੋਈ ਹੋਰ ਉਲੰਘਣਾ ਹੋਈ ਸੀ।

ਜੇ ਵਿਹਾਰ ਵਿਚ ਅਨੁਸ਼ਾਸਨ ਕੋਡ ਦੀ ਕੋਈ ਉਲੰਘਣਾ ਸ਼ਾਮਿਲ ਹੈ, ਤਾਂ ਅਨੁਸ਼ਾਸਨ ਦੇ ਸਿਟੀ-ਵਾਈਡ ਮਿਆਰਾਂ ਅਤੇ ਦਖ਼ਲ ਦੀਆਂ ਕਾਰਵਾਈਆਂ ਅਨੁਸਾਰ ਉਚਿਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਏਗੀ।

ਜੇ ਉਚਿਤ ਹੈ, ਤਾਂ ਵਿਅਕਤੀਗਤ ਜਾਂ ਸਮੂਹਕ ਕੌਂਸਲਿੰਗ ਅਤੇ/ਜਾਂ ਹੋਰ ਸਾਲਸੀਆਂ ਉਪਲਬਧ ਹੋਣਗੀਆਂ।

### ਡਰਾਉਣ ਧਮਕਾਉਣ ਜਾਂ ਤੰਗ ਪਰੇਸ਼ਾਨ ਕੀਤੇ ਜਾਣ ਦੇ ਸ਼ਿਕਾਰ ਲੋਕਾਂ ਲਈ ਕੀ ਸਹਾਇਤਾ ਉਪਲਬਧ ਹੈ?

ਕੌਂਸਲਿੰਗ ਸੇਵਾਵਾਂ ਮੁਹਈਆ ਕਰਾਉਣ ਲਈ ਸਕੂਲ ਕੌਂਸਲਰ ਉਪਲਬਧ ਹਨ।

T&I-5656 (Punjabi)

**ਨਿਊ ਯਾੱਰਕ ਸਿਟੀ**
**ਸਿਖਿਆ ਵਿਭਾਗ**

**ਮਾਈਕਲ ਆਰ. ਬਲੂਮਬਰਗ**
**ਮੇਅਰ**

**ਜੋਇਲ ਐਲ. ਕਲੇਨ**
**ਚਾਂਸਲਰ**

ਅਜਿਹੇ ਕਿਸੇ ਵਿਅਕਤੀ, ਜਿਸਨੇ ਤੰਗ ਪਰੇਸ਼ਾਨ ਕੀਤੇ ਜਾਣ ਵਾਲੇ ਜਾਂ ਪੱਖਪਾਤ ਵਾਲੇ ਵਿਹਾਰ ਦੀ ਇਕ ਘਟਨਾ ਦੀ ਰਿਪੋਰਟ ਕੀਤੀ ਹੈ ਜਾਂ ਜਿਸਨੇ ਇਕ ਪੜਤਾਲ ਵਿਚ ਮਦਦ ਕੀਤੀ ਹੈ, ਵਿਰੁੱਧ ਬਦਲੇ ਦੀ ਕਾਰਵਾਈ ਦੀ ਮਨਾਹੀ ਹੈ। ਵਿਦਿਆਰਥੀ, ਜੋ ਸਮਝਦੇ ਹਨ ਕਿ ਉਹਨਾਂ ਵਿਰੁੱਧ ਬਦਲਾ ਲਿਆ ਗਿਆ ਹੈ, ਨੂੰ ਤੁਰੰਤ ਇਕ ਸਕੂਲ ਸੁਪਰਵਾਈਜ਼ਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਈ-ਮੇਲ ਕਰ ਸਕਦੇ ਹੋ -

RespectforAll@schools.nyc.gov

**ਰਾਜ਼ਦਾਰੀ**: NYC ਪਬਲਿਕ ਸਕੂਲ ਦੀ, ਸਾਰੀਆਂ ਧਿਰਾਂ ਦੀ ਨਿਜੱਤਾ ਅਤੇ ਗੁਮਨਾਮੀ ਦਾ ਸਤਿਕਾਰ ਕਰਨ ਦੀ ਪਾੱਲਿਸੀ ਹੈ ਅਤੇ ਇਸ ਪਾੱਲਿਸੀ ਹੇਠ ਸ਼ਿਕਾਇਤਾਂ ਨੂੰ ਲਿਆਏ ਜਾਣ ਨੂੰ ਵੇਖਦੀ ਹੈ। ਪਰ ਰਾਜ਼ਦਾਰੀ ਦੀ ਲੋੜ ਨੂੰ ਪੁਲਿਸ ਪੜਤਾਲਾਂ ਨਾਲ ਮਿਲਵਰਤਣ ਕਰਨ, ਦੋਸ਼ੀ ਵਿਰੁੱਧ ਕੀਤਾ ਜਾਣ ਵਾਲਾ ਅਮਲ ਮੁਹਈਆ ਕਰਨ ਲਈ ਜਾਂ ਇਕ ਸ਼ਿਕਾਇਤ ਨੂੰ ਦੂਰ ਕਰਨ ਲਈ ਕੀਤੀ ਜਾਣ ਵਾਲੀ ਕਾਰਵਾਈ ਕਰਨ ਵਿਰੁੱਧ ਸੰਤੁਲਿਤ ਕਰਨ ਦੀ ਜ਼ਰੂਰਤ ਹੈ। ਇਸ ਲਈ ਇਕ ਸ਼ਿਕਾਇਤ ਦੇ ਸਬੰਧ ਵਿਚ ਜਾਣਕਾਰੀ, ਉਚਿਤ ਸਥਿਤੀਆਂ ਵਿਚ ਉਹਨਾਂ ਲੋਕਾਂ ਨੂੰ ਦਿਤੀ ਜਾ ਸਕਦੀ ਹੈ, ਜਿਹਨਾਂ ਨੂੰ ਇਸ ਨੂੰ ਜਾਣਨ ਦੀ ਜ਼ਰੂਰਤ ਹੈ।

**ਨਿਊ ਯਾੱਰਕ ਸਿਟੀ**
**ਸਿਖਿਆ ਵਿਭਾਗ**

# ਸਾਰਿਆਂ ਲਈ ਸਤਿਕਾਰ:

**NYC ਪਬਲਿਕ ਸਕੂਲਾਂ ਨੂੰ ਸੁਰੱਖਿਅਤ ਬਣਾਉਣ ਅਤੇ ਸਾਰੇ ਵਿਦਿਆਰਥੀਆਂ ਲਈ ਸਹਾਇਤਾ ਵਾਲਾ**



# NYC ਪਬਲਿਕ ਸਕੂਲਾਂ ਵਿਚ ਸਾਰਿਆਂ ਲਈ ਸਤਿਕਾਰ

NYC ਪਬਲਿਕ ਸਕੂਲਾਂ ਦਾ ਹਰੇਕ ਵਿਦਿਆਰਥੀ, ਫੈਕਲਟੀ ਅਤੇ ਸਟਾਫ਼ ਮੈਂਬਰ, ਸਾਡੇ ਸਕੂਲ ਭਾਈਚਾਰੇ ਵਿਚ ਸਾਡੇ ਸ਼ਹਿਰ ਦੀ ਸਭਿਆਚਾਰਕ ਭਿੰਨਤਾ ਦੀ ਅਮੀਰੀ ਅਤੇ ਸਤਿਕਾਰ ਲਈ ਇੱਛਾ ਲੈ ਕੇ ਆਉਂਦਾ ਹੈ।

**ਸਤਿਕਾਰ:** ਇਕ ਵਿਅਕਤੀ ਲਈ ਆਦਰ-ਮਾਣ ਜਾਂ ਮੁੱਲ ਪਾਉਣ ਦੀ ਭਾਵਨਾ ਜਾਂ ਕਾਬਲੀਅਤ ਲਈ; ਉਚਿਤ ਪ੍ਰਵਾਨਗੀ ਜਾਂ ਨਿਮਰਤਾ; ਕਿਸੇ ਹੋਰ ਦੇ ਚਰਿਤੱਰ ਦੀ ਮਹਿਮਾ ਦੇ ਮਾਣ ਲਈ ਸਤਿਕਾਰ; ਇਹਨਾਂ ਨੂੰ ਮੰਨਣਾ; ਆਦਰ-ਮਾਣ ਜਾਂ ਸਤਿਕਾਰੇ ਜਾਣ ਦੀ ਹਾਲਤ; ਕਿਸੇ ਹੋਰ ਲਈ ਸਤਿਕਾਰ ਜਾਂ ਸਨਮਾਨ ਦਾ ਪ੍ਰਗਟਾਵਾ।

ਅਨੁਸ਼ਾਸਨ ਦੇ ਸਿਟੀਵਾਈਡ ਮਿਆਰਾਂ ਅਤੇ ਦਖ਼ਲ ਦੀਆਂ ਕਾਰਵਾਈਆਂ, ਵਿਦਿਆਰਥੀ ਨੂੰ ਨਸਲ, ਰੰਗ, ਨਸਲੀ ਲੱਛਣ, ਰਾਸ਼ਟਰੀ ਮੂਲ (ਜਿਸ ਵਿਚ ਸਾਂਝੇ ਘਰਾਣੇ, ਵਿਰਾਸਤ, ਪਿਛੋਕੜ ਦੇ ਵਿਦਿਆਰਥੀਆਂ ਦੇ ਸਮੂਹ ਜਾਂ ਉਸੇ ਦੇਸ਼ ਤੋਂ ਵਿਦਿਆਰਥੀ ਸ਼ਾਮਿਲ ਹਨ), ਧਰਮ, ਲਿੰਗ, ਲਿੰਗ ਸ਼ਨਾਖ਼ਤ, ਲਿੰਗ ਪ੍ਰਗਟਾਵਾ, ਲੈਂਗਿਕ ਰੁਝਾਨ ਜਾਂ ਅਪੰਗਤਾ ਦੀ ਸ਼ਮੂਲੀਅਤ ਵਾਲੀਆਂ ਅੱਲਾਂ ਜਾਂ ਤੁਹਮਤਾਂ ਦੀ ਵਰਤੋਂ ਰਾਹੀਂ ਤਾਹਨੇ ਮਾਰਣ ਅਤੇ/ਜਾਂ ਡਰਾਉਣ ਧਮਕਾਉਣ ਸਮੇਤ ਕਿਸੇ ਵੀ ਕਾਰਣ ਲਈ ਹੋਰਨਾਂ ਵਿਦਿਆਰਥੀਆਂ ਨਾਲ ਧੌਂਸਬਾਜੀ ਦੀ ਮਨਾਹੀ ਕਰਦੀਆਂ ਹਨ। ਇਹ ਪਾੱਲਿਸੀ ਸਕੂਲਾਂ ਦੇ ਮੈਦਾਨਾਂ, ਸਕੂਲ ਦੀਆਂ ਬੱਸਾਂ ਅਤੇ ਸਕੂਲ ਵਲੋਂ ਸਪਾਂਸਰ ਕੀਤੀਆਂ ਜਾਂਦੀਆਂ ਸਾਰੀਆਂ ਕਾਰਵਾਈਆਂ, ਪ੍ਰੋਗਰਾਮਾਂ ਅਤੇ ਸਮਾਗਮਾਂ ਤੇ ਲਾਗੂ ਹਨ।

## ਅਜਿਹੇ ਵਿਦਿਆਰਥੀ ਨਾਲ ਕੀ ਹੁੰਦਾ ਹੈ, ਹੋਰਨਾਂ ਵਿਰੁੱਧ ਪੱਖਪਾਤ ਕਰਦਾ ਹੈ ਜਾਂ ਕਿਸੇ ਹੋਰ ਵਿਦਿਆਰਥੀ ਨੂੰ ਤੰਗ ਪਰੇਸ਼ਾਨ ਕਰਦਾ ਹੈ?

**ਸਿਖਿਆ ਵਿਭਾਗ ਦਾ ਅਨੁਸ਼ਾਸਨੀ ਕੋਡ, ਇਸ ਵਿਹਾਰ ਦੀ ਮਨਾਹੀ ਕਰਦਾ ਹੈ।** ਉਹ ਵਿਦਿਆਰਥੀ, ਜੋ ਅਨੁਸ਼ਾਸਨ ਦੇ ਸਿਟੀਵਾਈਡ ਮਿਆਰਾਂ ਦੀ ਉਲੰਘਣਾ ਕਰਦੇ ਹਨ, ਵਿਰੁੱਧ ਸਿਟੀਵਾਈਡ ਮਿਆਰਾਂ ਅਤੇ ਚਾਂਸਲਰ ਦੇ ਰੈਗੂਲੇਸ਼ਨ A-443 ਵਿਚ ਦੱਸੇ ਗਏ ਅਨੁਸਾਰ ਢੁਕਵੀਂ ਅਨੁਸ਼ਾਸਨੀ ਕਾਰਵਾਈ ਕੀਤੀ ਜਾਏਗੀ।



## ਤੰਗ ਪਰੇਸ਼ਾਨ ਕੀਤੇ ਜਾਣਾ ਜਾਂ ਪੱਖਪਾਤੀ ਵਿਹਾਰ ਕਿਸਨੂੰ ਮੰਨਿਆ ਜਾਂਦਾ ਹੈ

ਤੰਗ ਪਰੇਸ਼ਾਨ/ਪੱਖਪਾਤ ਕਰਨ ਵਾਲਾ ਵਿਹਾਰ, ਇਕ ਜਾਂ ਵੱਧ ਵਿਦਿਆਰਥੀਆਂ ਵਲੋਂ, ਕਿਸੇ ਹੋਰ ਵਿਦਿਆਰਥੀ ਜਾਂ ਵਿਦਿਆਰਥੀਆਂ ਦੇ ਸਮੂਹ ਵਿਰੁੱਧ ਕੀਤੀਆਂ ਗਈਆਂ ਇਕ ਜਾਂ ਵੱਧ ਨਾਂਹ-ਪੱਖੀ ਕਾਰਵਾਈਆਂ ਹਨ। ਤੰਗ ਪਰੇਸ਼ਾਨ ਜਾਂ ਪੱਖਪਾਤ ਕੀਤਾ ਜਾਣਾ, ਸਰੀਰਕ, ਜ਼ਬਾਨੀ ਜਾਂ ਸਮਾਜਕ ਪੱਧਰ ਤੇ ਹੋ ਸਕਦਾ ਹੈ। **ਸਰੀਰਕ** ਤੌਰ ਤੇ ਤੰਗ ਪਰੇਸ਼ਾਨ ਕੀਤੇ ਜਾਣ ਵਿਚ ਸਰੀਰਕ ਸੱਟ-ਫੇਟ ਜਾਂ ਸੱਟ-ਫੇਟ ਦੀ ਧਮਕੀ ਸ਼ਾਮਿਲ ਹੁੰਦੀ ਹੈ। **ਜ਼ਬਾਨੀ** ਤੰਗ ਪਰੇਸ਼ਾਨ ਕਰਨ ਵਿਚ ਛੇੜਨਾ, ਤਾਹਨਾ ਮਾਰਨਾ ਜਾਂ ਬੇਇੱਜ਼ਤੀ ਕਰਨਾ ਹੁੰਦਾ ਹੈ। **ਸਮਾਜਕ** ਪੱਧਰ ਤੇ ਤੰਗ ਪਰੇਸ਼ਾਨ ਵਿਚ, ਇਕ ਵਿਅਕਤੀ ਨੂੰ ਬੇਇੱਜ਼ਤੀ ਕਰਨ ਜਾਂ ਅਲੱਗ-ਥਲੱਗ ਕਰਨ ਲਈ, ਸਾਥੀਆਂ ਵਲੋਂ ਅਣਗੌਲਿਆਂ ਕੀਤਾ ਜਾਣਾ ਜਾਂ ਬਾਹਰ ਕੀਤੇ ਜਾਣ ਦੀ ਵਰਤੋਂ ਸ਼ਾਮਿਲ ਹੈ।

## ਪਾਬੰਦੀ ਵਾਲੇ ਵਿਹਾਰਾਂ ਦੇ ਕੁਝ ਉਦਾਹਰਣ ਕੀ ਹਨ?

- ਕਿਸੇ ਹੋਰ ਵਿਦਿਆਰਥੀ ਨੂੰ ਉਸਦੀ ਨਸਲ, ਰੰਗ, ਨਸਲੀ ਲੱਛਣ, ਧਰਮ, ਰਾਸ਼ਟਰੀ ਮੂਲ, ਲਿੰਗ, ਲਿੰਗ ਸ਼ਨਾਖ਼ਤ, ਲਿੰਗ ਪ੍ਰਗਟਾਵਾ, ਲੈਂਗਿਕ ਰੁਝਾਨ ਜਾਂ ਅਪੰਗਤਾ ਕਾਰਨ ਧਮਕੀ ਦੇਣਾ ਜਾਂ ਤੰਗ ਪਰੇਸ਼ਾਨ ਕਰਨਾ, ਡਰਾਉਣਾ ਧਮਕਾਉਣਾ ਜਾਂ ਸਰੀਰਕ ਹਮਲਾ ਕਰਨਾ;
- ਕਿਸੇ ਹੋਰ ਵਿਦਿਆਰਥੀ ਨੂੰ ਨਸਲ, ਰੰਗ, ਨਸਲੀ ਲੱਛਣ, ਰਾਸ਼ਟਰੀ ਮੂਲ, ਧਰਮ, ਲਿੰਗ, ਲਿੰਗ ਸ਼ਨਾਖ਼ਤ, ਲਿੰਗ ਪ੍ਰਗਟਾਵਾ, ਲੈਂਗਿਕ ਰੁਝਾਨ ਜਾਂ ਅਪੰਗਤਾ ਦੇ ਹਵਾਲੇ ਨਾਲ ਨਿਰਾਦਰਪੂਰਣ ਭਾਸ਼ਾ ਦੀ ਵਰਤੋਂ ਕਰਨਾ
- ਕਿਸੇ ਹੋਰ ਵਿਦਿਆਰਥੀ ਨੂੰ ਛੇੜਣਾ ਜਾਂ ਤਾਹਨੇ ਮਾਰਨਾ
- ਹੋਰਨਾਂ ਤੇ, ਉਹਨਾਂ ਦੇ... ਕਰਕੇ, ਬੇਇੱਜ਼ਤੀ ਵਾਲੇ ਚੁਟਕਲੇ ਬਣਾਉਣਾ ਜਾਂ ਅੱਲ ਪਾਉਣਾ ਜਾਂ ਤੁਹਮਤਾਂ ਲਾਉਣਾ
- ਕੰਧ ਤੇ ਗ਼ਲਤ ਚਿਤਰ ਬਣਾਉਣ ਜਾਂ ਅਪਸ਼ਬਦ ਲਿਖਣ ਸਮੇਤ ਲਿਖਤੀ ਜਾਂ ਗ੍ਰਾਫਿਕ ਸਮਗ੍ਰੀ, ਜਿਸ ਵਿਚ ਉਹ ਟਿੱਪਣੀਆਂ ਜਾਂ ਕੱਟੜ ਧਾਰਣਾਵਾਂ ਸ਼ਾਮਿਲ ਹਨ, ਜੋ ਜਾਂ ਤਾਂ ਪੋਸਟ ਕੀਤੇ ਜਾਂਦੇ, ਵੰਡੇ ਜਾਂਦੇ ਜਾਂ ਕਧ ਤੇ ਲਿਖੇ ਜਾਂ ਛਪੇ ਹੋਏ ਹਨ ਜਾਂ ਇੰਟਰਨੈਟ (ਸਾਈਬਰ-ਧੌਂਸਬਾਜੀ) ਤੇ ਭੇਜੇ ਜਾਂਦੇ ਹਨ, ਜੋ ਹੋਰਨਾਂ ਤੇ, ਉਹਨਾਂ ਦੇ... ਕਰਕੇ, ਬੇਇੱਜ਼ਤੀ ਵਾਲੇ ਹਨ
- ਨਾਂਹ-ਪੱਖੀ ਕੱਟੜ ਧਾਰਣਾਵਾਂ ਜਾਂ ਵੈਰਭਾਵ ਵਾਲੀ ਕਾਰਵਾਈ, ਜੋ ਹੋਰਨਾਂ ਲਈ, ਉਹਨਾਂ ਦੇ... ਕਰਕੇ, ਬੇਇੱਜ਼ਤੀ ਵਾਲੀ ਹੈ

**ਨਸਲ, ਰੰਗ, ਨਸਲੀ ਲੱਛਣ, ਧਰਮ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਲਿੰਗ ਪ੍ਰਗਟਾਵਾ, ਲੈਂਗਿਕ ਰੁਝਾਨ ਜਾਂ ਅਪੰਗਤਾ।**

## ਤੁਹਾਨੂੰ ਕੀ ਕਰਨਾ ਚਾਹੀਦਾ ਹੈ, ਜੇ ਤੁਸੀਂ ਮੰਨਦੇ ਹੋ ਕਿ ਕਿਸੇ ਹੋਰ ਵਿਦਿਆਰਥੀ ਨੇ ਤੁਹਾਨੂੰ ਤੰਗ ਪਰੇਸ਼ਾਨ ਕੀਤਾ ਹੈ ਜਾਂ ਤੁਹਾਡੇ ਵਿਰੁੱਧ ਪੱਖਪਾਤ ਕੀਤਾ ਹੈ ਜਾਂ ਜੇ ਤੁਸੀਂ ਕਿਸੇ ਅਜਿਹੇ ਵਿਹਾਰ ਨੂੰ ਹੁੰਦਿਆਂ ਵੇਖਿਆ ਹੈ?

ਅਜਿਹੇ ਵਿਦਿਆਰਥੀ, ਜੋ ਇਹ ਮੰਨਦੇ ਹਨ ਕਿ ਉਹ ਕਿਸੇ ਹੋਰ ਵਿਦਿਆਰਥੀ ਵਲੋਂ ਧੌਂਸਬਾਜੀ ਵਾਲੇ ਜਾਂ ਤੰਗ ਪਰੇਸ਼ਾਨ ਕੀਤੇ ਜਾਣ ਵਾਲੇ ਵਿਹਾਰ ਦੇ ਸ਼ਿਕਾਰ ਹੋ ਰਹੇ ਹਨ, ਅਤੇ ਸਾਰੇ ਵਿਦਿਆਰਥੀਆਂ ਨੂੰ ਅਜਿਹੇ ਵਿਹਾਰ ਦੀ ਜਾਣਕਾਰੀ ਹੈ, ਬਾਰੇ ਘਟਨਾ ਦੀ ਤੁਰੰਤ ਰਿਪੋਰਟ ਕਰਨੀ ਚਾਹੀਦੀ ਹੈ।

- ਪੱਖਪਾਤ ਜਾਂ ਤੰਗ ਪਰੇਸ਼ਾਨ ਕੀਤੇ ਜਾਣ ਦੀਆਂ ਸ਼ਿਕਾਇਤਾਂ, ਲਿਖਤੀ ਜਾਂ ਜ਼ਬਾਨੀ ਸਕੂਲ ਦੇ ਸਟਾਫ਼ ਦੇ ਮੈਂਬਰਾਂ ਨੂੰ, ਜਿਹਨਾਂ ਦੇ ਨਾਂ ਸਕੂਲ ਦੇ **ਸਾਰਿਆਂ ਲਈ ਸਤਿਕਾਰ** ਵਾਲੇ ਪੋਸਟਰਾਂ, ਜੋ ਤੁਹਾਡੇ ਪੂਰੇ ਸਕੂਲ ਵਿਚ ਲੱਗੇ ਹੋਏ ਹਨ ਜਾਂ ਸਕੂਲ ਦੇ ਕਿਸੇ ਵੀ ਸਟਾਫ਼ ਨੂੰ ਦਿਤੀਆਂ ਜਾ ਸਕਦੀਆਂ ਹਨ।
- ਘਟਨਾ(ਵਾਂ) ਮਗਰੋਂ ਜਿੰਨੀ ਛੇਤੀ ਸੰਭਵ ਹੋ ਸਕੇ, ਸ਼ਿਕਾਇਤਾਂ ਦੀ ਰਿਪੋਰਟ ਕਰਨੀ ਚਾਹੀਦੀ ਹੈ, ਤਾਂਜੋ ਉਹਨਾਂ ਦੀ ਅਸਰਦਾਰ ਢੰਗ ਨਾਲ ਜਾਂਚ ਕੀਤੀ ਜਾਏ ਅਤੇ ਉਹਨਾਂ ਦਾ ਹੱਲ ਕੀਤਾ ਜਾ ਸਕੇ।
- ਸਟਾਫ਼ ਦੇ ਮੈਂਬਰ, ਵਿਦਿਆਰਥੀ ਦੀਆਂ ਸ਼ਿਕਾਇਤਾਂ ਦੀ ਰਿਪੋਰਟ ਢੁਕਵੇਂ ਸਕੂਲ ਸੁਪਰਵਾਈਜ਼ਰ ਨੂੰ ਕਰਨਗੇ।
- ਸਟਾਫ਼ ਦੇ ਮੈਂਬਰ, ਜੋ ਤੰਗ ਪਰੇਸ਼ਾਨ ਕੀਤੇ ਜਾਣ ਜਾਂ ਪੱਖਪਾਤੀ ਵਿਹਾਰ ਦੇ ਗਵਾਹ ਹਨ, ਅਜਿਹੀ ਘਟਨਾ ਦੀ ਰਿਪੋਰਟ ਢੁਕਵੇਂ ਸਕੂਲ ਸੁਪਰਵਾਈਜ਼ਰ ਨੂੰ ਵੀ ਕਰਨਗੇ। ਸਟਾਫ਼ ਅਜਿਹੇ ਵਿਹਾਰ ਨੂੰ ਰੋਕਣ ਲਈ ਦਖ਼ਲ ਦੇ ਕੇ ਢੁਕਵੀਂ ਕਾਰਵਾਈ ਕਰੇਗਾ।

**ਕਿਰਪਾ ਕਰਕੇ ਵਿਦਿਆਰਥੀ ਵਲੋਂ ਵਿਦਿਆਰਥੀ ਨੂੰ ਤੰਗ ਪਰੇਸ਼ਾਨ ਕੀਤੇ ਜਾਣ ਜਾਂ ਪੱਖਪਾਤੀ ਵਿਹਾਰ ਦੀਆਂ ਸਾਰੀਆਂ ਸ਼ਿਕਾਇਤਾਂ ਲਈ ਨਾਮਜ਼ਦ ਕੀਤੇ ਗਏ ਸਕੂਲ ਸਟਾਫ਼ ਲਈ ਤੁਹਾਡੇ ਪੂਰੇ ਸਕੂਲ ਵਿਚ ਲਾਏ ਗਏ ਸਾਰਿਆਂ ਲਈ ਸਤਿਕਾਰ ਵਾਲੇ ਪੋਸਟਰ ਵੇਖੋ।**